New York State Board of Regents
MaryEllen Elia
Commissioner of Education
The State Education Department
The University of the State of New York / Albany, NY12234
Office of Communications

ਖ਼ਬਰਾਂ

ਫ਼ੌਰਨ ਜਾਰੀ ਕਰਨ ਲਈ, 7 ਮਾਰਚ, 2017

ਹੋਰ ਜਾਣਕਾਰੀ ਲਈ, ਸੰਪਰਕ ਕਰੋ:
ਜੋਨਾਥਨ ਬਰਮਨ ਜਾਂ ਜੀਨ ਬੀਟੀ
(518) 474-1201
www.nysed.gov

# ਅਵਾਸੀ ਵਿਦਿਆਰਥੀਆਂ ਦੇ ਹੱਕਾਂ ਬਾਰੇ ਸੇਧ ਅਤੇ ਸਾਰੇ ਵਿਦਿਆਰਥੀਆਂ ਲਈ ਮਾਣ ਬਾਰੇ ਕਾਨੂੰਨ ਹੁਣ 20 ਭਾਸ਼ਾਵਾਂ ਵਿਚ ਉਪਲਬਧ ਹੈ

ਸਟੇਟ ਸਿੱਖਿਆ ਕਮਿਸ਼ਨਰ ਮੈਰੀ ਐਲਨ ਈਲੀਆ ਨੇ ਅੱਜ ਐਲਾਨ ਕੀਤਾ ਹੈ ਕਿ ਹੁਣੇ ਜਿਹੇ ਸਾਰੇ ਵਿਦਿਆਰਥੀਆਂ ਲਈ ਮਾਣ ਬਾਰੇ ਕਾਨੂੰਨ (DASA) ਅਤੇ ਅਵਾਸੀ ਵਿਦਿਆਰਥੀਆਂ ਦੇ ਹੱਕਾਂ ਬਾਰੇ ਜਾਰੀ ਕੀਤੀ ਸੇਧ (ਰਹਿਨੁਮਾਈ) ਹੁਣ ਨਿਊ ਯਾੱਰਕ ਸਟੇਟ ਵਿਚ ਬੋਲੀਆਂ ਜਾਣ ਵਾਲੀਆਂ 20 ਮੁੱਖ ਭਾਸ਼ਾਵਾਂ ਵਿਚ ਉਪਲਬਧ ਹੈ। ਦੇਸ਼ ਭਰ ਵਿਚ ਧੱਕੜਪੁਣੇ, ਪੱਖਪਾਤ ਅਤੇ ਤੰਗ-ਪਰੇਸ਼ਾਨ ਕਰਨ ਬਾਰੇ ਰਿਪੋਰਟਾਂ ਦੀ ਵਧ ਰਹੀ ਗਿਣਤੀ ਅਤੇ ਹੁਣੇ ਜਿਹੇ ਕੀਤੀਆਂ ਗਈਆਂ ਫ਼ੈਡਰਲ ਦੀਆਂ ਕਾਰਵਾਈਆਂ ਦੇ ਨਤੀਜੇ ਵਜੋਂ ਡਰ ਅਤੇ ਘਬਰਾਹਟ ਫੈਲਣ ਤੋਂ ਬਾਅਦ ਸਟੇਟ ਦੇ ਸਿੱਖਿਆ ਵਿਭਾਗ ਨੇ ਅਟਾੱਰਨੀ ਜਨਰਲ ਦੇ ਦਫ਼ਤਰ ਨਾਲ ਭਾਈਵਾਲੀ ਵਿਚ ਇਹਨਾਂ ਅਹਿਮ ਵਿਸ਼ਿਆਂ ਬਾਰੇ ਸਕੂਲ ਡਿਸਟ੍ਰਿਕਟਸ ਨੂੰ ਸੇਧ ਉਪਲਬਧ ਕਰਾਈ ਹੈ। ਮਾਤਾ-ਪਿਤਾ, ਸਰਪ੍ਰਸਤਾਂ ਅਤੇ ਹੋਰ ਇੱਛੁਕ ਲੋਕਾਂ ਨੇ ਹੁਣ ਇਸ ਮਿਲਣ ਵਾਲੀ ਅਹਿਮ ਸੇਧ ਤੱਕ ਪਹੁੰਚ ਕੀਤੀ ਹੈ।

"ਜਦੋਂ ਅਸੀਂ ਇਕੱਠੇ ਹੁੰਦੇ ਹਾਂ, ਤਾਂ ਅਸੀਂ ਯਕੀਨੀ ਬਣਾਉਂਦੇ ਹਾਂ ਕਿ ਸਾਡੇ ਵਿਦਿਆਰਥੀ ਸੁਰੱਖਿਅਤ ਮਹਿਸੂਸ ਕਰਨ ਅਤੇ ਉਹਨਾਂ ਨੂੰ ਸਕੂਲ ਦੇ ਮਾਹੌਲ ਵਿਚ ਆਸਰਾ ਮਿਲੇ।" ਚਾਂਸਲਰ ਬੈਟੀ ਏ. ਰੋਜ਼ਾ ਨੇ ਕਿਹਾ ਹੈ "ਸਾਨੂੰ ਅਜਿਹੇ ਵਿਦਿਅਕ ਅਦਾਰੇ ਉਪਲਬਧ ਕਰਾਉਣ ਦੇ ਆਪਣੇ ਵਾਅਦੇ ਦੀ ਮੁੜ ਪੁਸ਼ਟੀ ਕਰਨੀ ਚਾਹੀਦੀ ਹੈ, ਜਿੱਥੇ ਵਿਦਿਆਰਥੀ ਆਪਣੀ ਨਸਲ, ਨਸਲੀ ਮੂਲ, ਘਰ ਵਿਚ ਬੋਲੀ ਜਾਣ ਵਾਲੀ ਭਾਸ਼ਾ, ਇਮੀਗ੍ਰੇਸ਼ਨ ਦੇ ਦਰਜੇ, ਜਿਣਸੀ ਰੁਝਾਨ ਜਾਂ ਕਿਸੇ ਹੋਰ ਅਧਾਰ ਨੂੰ ਧਿਆਨ ਵਿਚ ਰੱਖੇ ਬਿਨਾ ਪੜ੍ਹਣ ਲਈ ਅਜ਼ਾਦ ਹਨ। ਸਾਨੂੰ ਸਾਰੇ ਬੱਚਿਆਂ ਨੂੰ ਨਿੱਘ ਅਤੇ ਦਰਿਆਦਿਲੀ ਨਾਲ ਆਪਣੇ ਖ਼ੁਦ ਦੇ ਬੱਚਿਆਂ ਵਾਂਗ ਪਿਆਰ ਕਰਨਾ ਚਾਹੀਦਾ ਹੈ।"

"ਨਿਊ ਯਾੱਰਕ ਸਟੇਟ ਦਾ ਸਿੱਖਿਆ ਵਿਭਾਗ ਕਿਸੇ ਵੀ ਕਾਰਵਾਈ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ, ਜੋ ਸਕੂਲ ਦੇ ਮਾਹੌਲ ਨਾਲ ਸਮਝੌਤਾ ਕਰਦੀ ਹੈ, ਜਿਸ ਵਿਚ ਸਾਡੇ ਵਿਦਿਆਰਥੀ ਰੋਜ਼ ਪੜ੍ਹਣ ਲਈ ਆਉਂਦੇ ਹਨ।" ਕਮਿਸ਼ਨਰ ਈਲੀਆ ਨੇ ਦੱਸਿਆ ਹੈ। "ਸਾਡੇ ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਪੜ੍ਹਾਈ ਕਰਨ ਦਾ ਹੱਕ ਹੈ ਅਤੇ ਕਿਸੇ ਵੀ ਬੱਚੇ ਨੂੰ ਸਕੂਲ ਜਾਣ ਤੋਂ ਡਰਨਾ ਨਹੀਂ ਚਾਹੀਦਾ। ਸਾਨੂੰ ਆਪਣੀ ਤਾਕਤ ਨਾਲ ਸੁਰੱਖਿਅਤ ਅਤੇ ਪੜ੍ਹਾਈ ਵਿਚ ਮਦਦਗਾਰ ਮਾਹੌਲ ਤਿਆਰ ਕਰਨ ਲਈ ਸਭ ਕੁਝ ਜ਼ਰੂਰ ਕਰਨਾ ਚਾਹੀਦਾ ਹੈ, ਇਸ ਵਿਚ ਸਾਰੇ ਮਾਤਾ-ਪਿਤਾ ਅਤੇ ਸਰਪ੍ਰਸਤਾਂ ਨੂੰ ਸ੍ਰੋਤ ਉਪਲਬਧ ਕਰਾਏ ਜਾਣਾ ਸ਼ਾਮਿਲ ਹੈ, ਜਿਸਦੀ ਉਹਨਾਂ ਨੂੰ ਆਪਣੇ ਹੱਕਾਂ ਅਤੇ ਆਪਣੇ ਬੱਚਿਆਂ ਦੇ ਹੱਕਾਂ ਬਾਰੇ ਜਾਣਕਾਰੀ ਲਈ ਲੋੜ ਹੈ।"

ਵਿਭਾਗ ਨੇ ਹੁਣ ਪੂਰੇ ਨਿਊ ਯਾੱਰਕ ਸਟੇਟ ਵਿਚ ਬੋਲੀਆਂ ਜਾਣ ਵਾਲੀਆਂ ਦੱਸ ਮੁੱਖ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਗਏ ਸ੍ਰੋਤ ਮਾਤਾ-ਪਿਤਾ, ਸਰਪ੍ਰਸਤਾਂ ਅਤੇ ਹੋਰ ਇੱਛੁੱਕ ਲੋਕਾਂ ਨੂੰ ਉਪਲਬਧ ਕਰਾਏ ਹਨ। ਇਹ ਭਾਸ਼ਾਵਾਂ ਹਨ: ਸਪੈਨਿਸ਼, ਚੀਨੀ, ਅਰਬੀ, ਬੰਗਾਲੀ, ਰੂਸੀ, ਉਰਦੂ, ਹੈਤੀ ਕ੍ਰਿਓਲ, ਫ੍ਰੈਂਚ, ਕੈਰੇਨ ਅਤੇ ਨੇਪਾਲੀ। ਇਹ ਪਸਾਰ ਅਤੇ ਤਿਆਰ ਕਰਨ ਦਾ ਕੰਮ, ਕਾਨੂੰਨ ਹੇਠ ਸਭ ਤੋਂ ਪੂਰੀ ਸੰਭਵ ਹੱਦ ਨਾਲ ਵਿਦਿਆਰਥੀਆਂ ਦੇ ਹੱਕਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਅਟਾੱਰਨੀ ਜਨਰਲ ਦੇ ਨਿਊ ਯਾੱਰਕ ਸਟੇਟ ਦੇ ਦਫ਼ਤਰ (OAG) ਨਾਲ ਮਿਲਕੇ ਕੀਤਾ ਗਿਆ ਹੈ।

ਅਨੁਵਾਦ ਕੀਤੀਆਂ ਗਈਆਂ ਸਮਗ੍ਰੀਆਂ ਵਿਚ ਉਹ ਸ਼ਾਮਿਲ ਹਨ, ਜਿਹਨਾਂ ਨੂੰ ਹੁਣੇ ਜਿਹੇ ਅਟਾੱਰਨੀ ਜਨਰਲ ਐਰਿਕ ਟੀ. ਸ਼ਨਾਇਡਰਮੈਨ ਅਤੇ ਕਮਿਸ਼ਨਰ ਈਲੀਆ ਨੇ ਜਾਰੀ ਕੀਤਾ ਹੈ, ਜਿਸ ਵਿਚ ਸਕੂਲ ਡਿਸਟ੍ਰਿਕਟਸ ਨੂੰ ਸਟੇਟ ਅਤੇ ਫ਼ੈਡਰਲ ਦੇ ਮੌਜੂਦਾ ਕਾਨੂੰਨਾਂ ਦੀ ਪਾਲਣਾ ਕਰਨ ਲਈ ਉਹਨਾਂ ਦੇ ਫ਼ਰਜ਼ਾਂ ਬਾਰੇ ਚੇਤੇ ਕਰਾਇਆ ਗਿਆ ਹੈ, ਜੋ ਅਵਾਸੀ ਬੱਚਿਆਂ ਦੇ ਨਿਊ ਯਾੱਰਕ ਦੇ ਸਰਕਾਰੀ ਸਕੂਲਾਂ ਵਿਚ ਬਦਲੇ ਦੀ ਕਾਰਵਾਈ ਦੇ ਡਰ ਤੋਂ ਬਿਨਾ ਜਾਣ ਦੇ ਹੱਕਾਂ ਨੂੰ ਯਕੀਨੀ ਬਣਾਉਂਦਾ ਹੈ। ਇਹ ਸੇਧ ਕਾਨੂੰਨ ਹੇਠ ਡਿਸਟ੍ਰਿਕਟਸ ਨੂੰ ਆਪਣੇ ਵਿਦਿਆਰਥੀਆਂ ਅਤੇ ਵਿਦਿਆਰਥੀ ਦੇ ਰਿਕਾੱਰਡਾਂ ਦੀ ਰਾਜ਼ਦਾਰੀ ਬਾਰੇ ਉਹਨਾਂ ਦੇ ਫ਼ਰਜ਼ਾਂ ਨਾਲ ਸਬੰਧਿਤ ਜਾਣਕਾਰੀ ਦਿੰਦੀ ਹੈ।

ਇਸ ਤੋਂ ਅਲਾਵਾ, ਤੰਗ-ਪਰੇਸ਼ਾਨ ਕਰਨ, ਧੱਕੜਪੁਣੇ ਅਤੇ ਪੱਖਪਾਤ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ ਅਤੇ ਨਿਪਟਾਰੇ ਦੇ ਨਾਲ ਹੀ DASA ਅਨੁਸਾਰ ਸਕੂਲ ਦਾ ਉਸਾਰੂ ਮਾਹੌਲ ਸਿਰਜਣ ਅਤੇ ਬਣਾਈ ਰੱਖਣ ਦੀਆਂ ਕੋਸ਼ਿਸ਼ਾਂ ਵਿਚ ਵਾਧਾ ਕਰਨ ਲਈ ਸਕੂਲ ਦੇ ਸਟਾਫ਼, ਵਿਦਿਆਰਥੀਆਂ ਅਤੇ ਮਾਤਾ-ਪਿਤਾ ਦੀ ਮਦਦ ਲਈ ਸੇਧ ਅਤੇ ਸ੍ਰੋਤ ਉਪਲਬਧ ਹਨ।

20 ਭਾਸ਼ਾਵਾਂ ਵਿਚਲੀਆਂ ਇਹ ਸਮਗ੍ਰੀਆਂ ਇੱਥੇ ਮਿਲ ਸਕਦੀਆਂ ਹਨ।

ਇਮੀਗ੍ਰੇਸ਼ਨ ਸਬੰਧੀ ਕਾਰਵਾਈਆਂ ਬਾਰੇ ਜਾਣਕਾਰੀ ਇੱਥੇ ਮਿਲ ਸਕਦੀ ਹੈ, ਜਦਕਿ DASA ਹੇਠ ਸੇਧ ਅਤੇ ਸ੍ਰੋਤਾਂ ਬਾਰੇ ਜਾਣਕਾਰੀ ਇੱਥੇ ਮਿਲ ਸਕਦੀ ਹੈ।